# ਵਧਦੀ ਅਬਾਦੀ ਦੀ ਸਮੱਸਿਆ

ਅਜੋਕੇ ਭਾਰਤ ਦੀਆਂ ਗੰਭੀਰ ਸਮੱਸਿਆਵਾਂ ਵਿੱਚੋਂ ਪ੍ਰਮੁੱਖ ਹੈ ਵਧ ਰਹੀ ਜਨ-ਸੰਖਿਆ। ਭਾਰਤ ਨੂੰ ਵੈਸੇ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਵਧ ਰਹੀ ਅਬਾਦੀ ਸਭ ਤੋਂ ਗੰਭੀਰ ਸਮੱਸਿਆ ਹੈ।

**ਵਧਦੀ ਅਬਾਦੀ ਦੇ ਨੁਕਸਾਨ :**



- **ਅੰਨ ਦੀ ਘਾਟ :** ਵਧਦੀ ਵਸੋਂ ਦਾ ਸਿੱਧਾ ਅਸਰ ਅੰਨ 'ਤੇ ਪੈਂਦਾ ਹੈ। ਅੰਨ ਉਪਜਾਉਣ ਵਾਲ਼ੀ ਧਰਤੀ ਤਾਂ ਓਨੀ ਹੀ ਰਹਿੰਦੀ ਹੈ ਪਰੰਤੂ ਲੋਕ ਵਧਦੇ ਜਾਂਦੇ ਹਨ।
- **ਮਹਿੰਗਾਈ ਵਿੱਚ ਵਾਧਾ :** ਅਬਾਦੀ ਦੇ ਵਾਧੇ ਨਾਲ਼ ਅਨਾਜ ਅਤੇ ਹੋਰ ਜ਼ਰੂਰੀ ਵਸਤਾਂ ਦੀ ਮੰਗ ਵਧਦੀ ਹੈ। ਮੰਗ ਵਧਣ ਕਾਰਨ ਮਹਿੰਗਾਈ ਵਧਦੀ ਹੈ।
- **ਭ੍ਰਿਸ਼ਟਾਚਾਰ ਵਿੱਚ ਵਾਧਾ :** ਅਬਾਦੀ ਵਧਣ ਨਾਲ਼ ਬੇਰੁਜ਼ਗਾਰੀ ਵੀ ਵਧਦੀ ਜਾ ਰਹੀ ਹੈ। ਬੇਰੁਜ਼ਗਾਰ ਲੋਕ ਕੰਮ-ਕਾਰ ਲਈ ਹਰ ਤਰੀਕੇ ਹੱਥ-ਪੈਰ ਮਾਰਦੇ ਹਨ। ਇਵੇਂ ਭ੍ਰਿਸ਼ਟਾਚਾਰ ਦਾ ਜਨਮ ਹੁੰਦਾ ਹੈ।
- **ਅਨਪੜ੍ਹਤਾ ਵਿੱਚ ਵਾਧਾ :** ਆਰਥਿਕ ਤੰਗੀ ਕਾਰਨ ਮਾਪੇ ਆਪਣੇ ਸਾਰੇ ਬੱਚਿਆਂ ਨੂੰ ਵਿੱਦਿਆ ਨਹੀਂ ਦੇ ਸਕਦੇ ਅਨਪੜ੍ਹਤਾ ਮਨੁੱਖਤਾ ਦੇ ਵਿਕਾਸ ਦਾ ਰਾਹ ਰੋਕ ਕੇ ਰੱਖਦੀ ਹੈ।
- **ਸਹੀ ਪਾਲਣ-ਪੋਸਣ ਦੀ ਕਮੀ :** ਵੱਡੇ ਪਰਿਵਾਰਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਦੀ ਪਾਲਣਾ ਠੀਕ ਢੰਗ ਨਾਲ਼ ਨਹੀਂ ਕਰ ਸਕਦੇ।
- **ਗਰੀਬੀ ਵਿੱਚ ਵਾਧਾ :** ਆਮ ਭਾਰਤੀ ਗਰੀਬ ਹੈ ਤੇ ਅਬਾਦੀ ਦਾ ਵਾਧਾ ਇਸ ਨੂੰ ਹੋਰ ਗਰੀਬ ਬਣਾ ਰਿਹਾ ਹੈ।
- **ਵਧਦੀ ਅਬਾਦੀ ਦੇ ਕਾਰਨ :**
- **ਅੰਧਵਿਸ਼ਵਾਸ :** ਸਾਡੇ ਦੇਸ ਵਿੱਚ ਅਜੇ ਵੀ ਇਹ ਗੱਲ ਪ੍ਰਚਲਿਤ ਹੈ ਕਿ ਬੱਚਾ ਰੱਬ ਦੀ ਦਾਤ ਹੈ। ਇਹੋ-ਜਿਹੇ ਵਿਚਾਰਾਂ ਦੇ ਫਲਸਰੂਪ ਅਬਾਦੀ ਲਗਾਤਾਰ ਵਧਦੀ ਹੈ।
- **ਆਮਦਨੀ ਦਾ ਸਾਧਨ :** ਗਰੀਬ ਮਾਪੇ ਬੱਚਿਆਂ ਨੂੰ ਆਪਣੀ ਆਮਦਨੀ ਵਿੱਚ ਵਾਧਾ ਕਰਨ ਦਾ ਸਾਧਨ ਸਮਝਦੇ ਹਨ। ਉਹ ਸੋਚਦੇ ਹਨ ਕਿ ਜਿੰਨੇ ਜ਼ਿਆਦਾ ਹੱਥ ਹੋਣਗੇ ਉਹ ਓਨੀ ਜ਼ਿਆਦਾ ਕਮਾਈ ਕਰ ਸਕਣਗੇ ।
- **ਛੋਟੀ ਉਮਰ ਦੇ ਵਿਆਹ :** ਛੋਟੀ ਉਮਰ ਦੇ ਵਿਆਹ ਵੀ ਅਬਾਦੀ ਵਿੱਚ ਵਾਧੇ ਦਾ ਕਾਰਨ ਬਣਦੇ ਹਨ।
- **ਪੱਖਪਾਤੀ ਸੋਚ :** ਕਈ ਰੂੜ੍ਹੀਵਾਦੀ ਸੋਚ ਦੇ ਲੋਕ ਮੁੰਡਾ ਪੈਦਾ ਕਰਨ ਪਿੱਛੇ 4-5 ਬੱਚੇ ਪੈਦਾ ਕਰ ਲੈਂਦੇ ਹਨ।
- **ਪ੍ਰਚਾਰ ਦੀ ਘਾਟ :** ਭਾਰਤੀ ਲੋਕ ਸ਼ਰਮ ਕਾਰਨ ਦੇਸ ਵਿੱਚ ਪਰਿਵਾਰ-ਨਿਯੋਜਨ ਦੇ ਪ੍ਰਚਾਰ ਨੂੰ ਅਮਲ ਵਿੱਚ ਨਹੀਂ ਲਿਆਉਂਦੇ।
- **ਸਾਰ-ਅੰਸ਼ :** ਭਾਰਤ ਨੂੰ ਬਰਬਾਦੀ ਦੇ ਜਿੰਨ ਤੋਂ ਬਚਾਉਣ ਲਈ ਅਬਾਦੀ ਦੀ ਰੋਕ ਅਤਿ ਜ਼ਰੂਰੀ ਹੈ, ਨਹੀਂ ਤਾਂ ਇਸ ਦੇ ਅਜਿਹੇ ਭਿਆਨਕ ਸਿੱਟੇ ਨਿਕਲਣਗੇ ਜੋ ਆਉਣ ਵਾਲ਼ੀਆਂ ਪੀੜੀਆਂ ਨੂੰ ਭੁਗਤਣੇ ਪੈਣਗੇ ।